## ਸਕੂਲ ਸਿੱਖਿਆ ਵਿਭਾਗ, ਪੰਜਾਬ
ਪੰਜਵੀ ਮੰਜਿਲ, ਈ ਬਲਾਕ, ਸਿੱਖਿਆ ਭਵਨ, ਫੇਜ਼-8 ਐਸ.ਏ.ਐਸ ਨਗਰ(ਮੁਹਾਲੀ)
ਫੋਨ ਨੰ:0172-5212322

ਵੱਲ

ਸਮੂਹ ਜ਼ਿਲਾ ਸਿਖਿਆ ਅਫਸਰ(ਸੈ.ਸਿ./ਐ.ਸਿ)
ਪੰਜਾਬ।

ਮੀਮੋ ਨੰ : ਸਮਾਰਟ ਸਕੂਲ /2019/ 150843 ਮਿਤੀ: 22-05-19

**ਵਿਸ਼ਾ:- ਸਰਕਾਰੀ ਸਕੂਲਾਂ ਨੂੰ ਸਮਾਰਟ ਸਕੂਲਾਂ ਵਿਚ ਤਬਦੀਲ ਕਰਨ ਸਬੰਧੀ ਸੁਝਾਅ।**

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਵਿਭਾਗ ਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਸਰਕਾਰੀ ਸਕੂਲਾਂ ਨੂੰ ਸਮਾਰਟ ਸਕੂਲਾਂ ਵਿੱਚ ਤਬਦੀਲ ਕਰਨ ਲਈ ਗ੍ਰਾਮ ਪੰਚਾਇਤ, local community, ਦਾਨੀ ਸੱਜਣਾਂ, ਸਕੂਲ ਮੈਨੇਜਮੈਂਟ ਕਮੇਟੀ ਅਤੇ ਸਕੂਲ ਸਟਾਫ ਵੱਲੋ ਵੱਧ ਚੜ੍ਹ ਕੇ ਹਿੱਸਾ ਪਾਇਆ ਜਾ ਰਿਹਾ ਹੈ। ਇਨ੍ਹਾਂ ਦੇ ਅਣਥੱਕ ਉਪਰਾਲਿਆਂ ਅਤੇ ਸਹਿਯੋਗ ਸਦਕਾ ਹੁਣ ਤੱਕ ਲੱਗਭਗ 2600 ਪ੍ਰਾਇਮਰੀ, ਮਿਡਲ,ਹਾਈ, ਸੀਨੀਅਰ ਸੈਕੰਡਰੀ ਸਕੂਲ ਸਮਾਰਟ ਵਿਦਿਆਰਥੀਆਂ ਸਕੂਲਾਂ ਵਿੱਚ ਤਬਦੀਲ ਹੋ ਚੁੱਕੇ ਹਨ। ਇਸ ਨਾਲ ਜਿੱਥੇ ਸਕੂਲਾਂ ਦੀ ਨੁਹਾਰ ਬਦਲੀ ਹੈ, ਉਥੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਅਤੇ Quality Education ਵਿੱਚ ਵੀ ਸੁਧਾਰ ਹੋਇਆ ਹੈ। ਦੱਸਵੀਂ ਅਤੇ ਬਾਰਵੀਂ ਜਮਾਤਾਂ ਦੇ ਬੋਰਡ ਦੇ ਨਤੀਜੇ ਇਸ ਦੇ ਪ੍ਰਤੱਖ ਪ੍ਰਮਾਣ ਹਨ।

ਉਕਤ ਕਾਰਜ ਦੀ ਸਫਲਤਾ ਦੇ ਸਨਮੁੱਖ ਬਾਕੀ ਰਹਿੰਦੇ ਸਰਕਾਰੀ ਸਕੂਲਾਂ ਨੂੰ ਸਮਾਰਟ ਸਕੂਲਾਂ ਵਿੱਚ ਤਬਦੀਲ ਕਰਨ ਲਈ ਅਤੇ ਕਮਿਊਨਟੀ ਨੂੰ ਵੱਧ ਤੋ ਵੱਧ ਸਕੂਲਾਂ ਨਾਲ ਜੋੜਨ ਲਈ ਹੇਠ ਲਿਖੇ ਸੁਝਾਵਾਂ ਤੇ ਅਮਲ ਕਰਨ ਦੀ ਲੋੜ ਹੈ:

1. ਹਰੇਕ ਬਲਾਕ ਵਿਚੋ ਅਜਿਹੇ ਵਧੀਆ Self Made Smart School ਦੀ ਚੋਣ ਕੀਤੀ ਜਾਵੇ ਜੋ ਕਿ infrastructure, Results ਅਤੇ Quality ਪੱਖੋ ਵਧੀਆ ਹੋਵੇ। ਇਸ ਸਕੂਲ ਵਿੱਚ ਸਬੰਧਤ ਬਲਾਕ ਦੇ ਬਾਕੀ ਸਕੂਲ ਮੁਖੀ, ਸਰਪੰਚ, ਪੰਚਾਇਤ ਮੈਂਬਰਜ਼, ਸਕੂਲ ਮੈਨੇਜਮੈਂਟ ਕਮੇਟੀ ਨੂੰ DSM ਅਤੇ ACS Smart School ਵੱਲੋ ਮੋਟੀਵੇਸ਼ਨ ਟ੍ਰੇਨਿੰਗ ਦਿੱਤੀ ਜਾਵੇ। ਟਰੇਨਿੰਗ ਵਿੱਚ ਸਮਾਰਟ ਸਕੂਲ, ਅੰਗਰੇਜ਼ੀ ਮਾਧਿਅਮ, ਈ ਕੰਨਟੈਂਟ, ਪੜ੍ਹੋ ਪੰਜਾਬ-ਪੜ੍ਹਾਓ ਪੰਜਾਬ, ਪੰਚਾਇਤ ਫੰਡ ਦੀ ਸਕੂਲਾਂ ਵਿੱਚ ਵਰਤੋ ਆਦਿ ਬਾਰੇ ਚਰਚਾ ਵੀ ਕੀਤੀ ਜਾਵੇ।

2. ਸਕੂਲ ਪੱਧਰ ਤੇ ਸਕੂਲ ਮੁੱਖੀ ਪਿੰਡ ਦੇ ਦਾਨੀ ਸੱਜਣਾਂ/ਸਕੂਲ ਮੈਨੇਜਮੈਂਟ/ਸਰਪੰਚ ਅਤੇ ਪੰਚਾਇਤ ਮੈਬਰਾਂ ਨਾਲ ਮੀਟਿੰਗ ਕਰਨ, ਜਿਥੋਂ ਤੱਕ ਸੰਭਵ ਹੋਵੇ ਇਸ ਮੀਟਿੰਗ ਵਿੱਚ ਜਿਲ੍ਹਾ/ਬਲਾਕ ਪੱਧਰ ਦੇ ਪ੍ਰਸ਼ਾਸਕੀ ਅਧਿਕਾਰੀਆਂ ਦੀ ਸ਼ਮੂਲੀਅਤ ਵੀ ਕਰਵਾਈ ਜਾਵੇ । ਮੀਟਿੰਗ ਵਿੱਚ ਸਕੂਲ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਹਿੱਤ ਅਤੇ ਗੁਣਾਤਮਿਕ ਸਿੱਖਿਆ ਦੇ ਸੁਧਾਰ ਲਈ ਵੱਧ ਤੋਂ ਵੱਧ ਉਪਰਾਲੇ ਕਰਨ ਲਈ ਪ੍ਰੇਰਿਤ ਕੀਤਾ ਜਾਵੇ।

3. ਬਲਾਕ ਅਤੇ ਸਕੂਲ ਪੱਧਰ ਦੀ ਤਰਜ ਤੇ ਹੀ ਜਿਲ੍ਹਾ ਪੱਧਰ ਤੇ ਵੀ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ/ਐ.ਸਿ) ਵੱਲੋਂ ਸਮੂਹ ਸਕੂਲ ਮੁੱਖੀਆਂ ਦੀ ਮੀਟਿੰਗ ਕੀਤੀ ਜਾਵੇ ਅਤੇ ਮੀਟਿੰਗ ਵਿੱਚ ਕਮਿਊਨਟੀ ਦੇ ਸਹਿਯੋਗ ਨਾਲ ਬਣਾਏ ਗਏ ਸਮਾਰਟ ਸਕੂਲ ਮੁੱਖੀ, ਸਰਪੰਚਾਂ ਪੰਚਾਇਤ ਮੈਂਬਰ, ਦਾਨੀ ਸੱਜਣਾ ਦਾ ਮਾਨ ਸਨਮਾਨ ਕੀਤਾ ਜਾਵੇ ਤਾਂ ਜੋ ਬਾਕੀ ਸਕੂਲ ਮੁੱਖੀ ਅਤੇ ਪੰਚਾਇਤ ਮੈਂਬਰਜ਼ ਉਨ੍ਹਾਂ ਤੋ ਪ੍ਰੇਰਿਤ ਹੋ ਕੇ ਆਪਣੇ ਸਕੂਲ ਨੂੰ ਵੀ ਸਮਾਰਟ ਸਕੂਲ ਵਿਚ ਤਬਦੀਲ ਕਰਨ ਲਈ ਉਪਰਾਲੇ ਕਰਨ।

4. ਜਿਲ੍ਹੇ ਦੇ ਵੱਖ ਵੱਖ ਸਕੂਲਾਂ ਵਿਚ ਚਲ ਰਹੀਆਂ ਗਤੀਵਿਧੀਆਂ ਅਤੇ ਕਾਰਜਾਂ ਨੂੰ ਸਾਂਝਾ ਕਰਨ ਲਈ WhatsApp group ਬਣਾਏ ਜਾਣੇ ਜਿਸ ਵਿੱਚ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ), ਬੀ.ਡੀ.ਪੀ.ਓ, ਬੀ.ਪੀ.ਈ.ਓ, ਡੀ.ਐਸ.ਐਮ, ਏ.ਸੀ.ਐਸ, ਡੀ.ਐਮ, ਪੀ.ਪੀ.ਡੀ.ਸੀ., ਬੀ.ਐਮ., ਬੀ.ਐਮ.ਟੀ., ਸੀ.ਐਮ.ਟੀ, ਸਰਪੰਚਾਂ, ਰੋਟਰੀ ਕਲੱਬ, ਯੂਥ ਕਲੱਬ, ਐਨ.ਜੀ.ਓ, ਐਨ.ਆਰ.ਆਈ. ਆਦਿ ਨੂੰ ਸ਼ਾਮਿਲ ਕੀਤਾ ਜਾਵੇ।

5. ਸਰਕਾਰੀ ਸਕੂਲਾਂ ਨੂੰ ਸਮਾਰਟ ਸਕੂਲਾਂ ਵਿਚ ਤਬਦੀਲ ਕਰਨ ਲਈ ਨਾਲ ਨੱਥੀ ਲਿਸਟ ਅਨੁਸਾਰ targets fix ਕੀਤੇ ਜਾਣ । ਇਨ੍ਹਾਂ targets ਵਿੱਚੋਂ ਘੱਟੋ-ਘੱਟ 5 targets ਮਿਤੀ 31 ਜੁਲਾਈ 2019 ਤੱਕ ਮੁਕੰਮਲ ਕਰਨ ਦੇ ਯਤਨ ਕੀਤੇ ਜਾਣ।

**ਸਕੱਤਰ ਸਕੂਲ ਸਿੱਖਿਆ**
**ਪੰਜਾਬ।**

**ਪਿੱਠ ਅੰਕਣ ਨੰ: ਸਮੱਗਰਾ/ਪਲਾਨ/2019/**ਉ੪੫ **ਮਿਤੀ:** 22-5-19

ਉਪਰੋਕਤ ਦਾ ਉਤਾਰਾ ਸੂਚਨਾ ਹਿੱਤ ਭੇਜਿਆ ਜਾਦਾ ਹੈ।

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ
2. ਪੀ.ਏ. ਟੂ ਡੀ.ਜੀ.ਐਸ.ਈ.
3. ਸਮੂਹ DSMs/ACS

**ਸਕੱਤਰ ਸਕੂਲ ਸਿੱਖਿਆ**
**ਪੰਜਾਬ।**

# ਸਰਕਾਰੀ ਸਕੂਲਾਂ ਨੂੰ ਸਮਾਰਟ ਸਕੂਲਾਂ ਵਿਚ ਤਬਦੀਲ ਕਰਨ ਲਈ

## Targets

1. Tie Belt for students
2. ID-Card for the students
3. One Projector/LED/Stick pc in the school
4. BALA work
5. Color Coding
6. Availability of drinking water facility in the schools
7. Availability of functional Separate Toilets for boys and Girls.
8. Furniture for all students
9. English medium in schools
    - Rural Area schools : 40%
    - Urban Area Schools : 60%
10. English Speaking
    - Minimum 5% Students of the total strength of the school should speak English
11. Science Parks/Maths Parks/Geographical Parks in the School
12. Cleanliness and Beautification of the outer area of the boundary wall